੨ਪਪ

ਸੰਤ ਜਨ ਗੁਰਮੁਖਾਂ ਦੇ ਚਰਨ ਧੋਣ ਵਾਲੀ ਸੇਵਾ ਦੀ ਮਹਿਮਾ

(ਸੰਪਾਦਕ: ਅਨੰਤ ਪ੍ਰਵਾਹ ਟ੍ਰੱਸਟ ਯੂ.ਕੇ.)

- ਚਰਣ ਪਖਾਰਿ ਕਰਉ ਗੁਰ ਸੇਵਾ ਬਾਰਿ ਜਾਉ ਲਖ ਬਰੀਆ॥
ਜਿਹ ਪ੍ਰਸਾਦਿ ਇਹੁ ਭਉਜਲੁ ਤਰਿਆ ਜਨ ਨਾਨਕ ਪ੍ਰਿਅ ਸੰਗਿ ਮਿਰੀਆ॥ (੨੦੭)

- ਚਰਣ ਪਖਾਰਿ ਕਰਉ ਗੁਰ ਸੇਵਾ ਆਤਮ ਸੁਧੁ ਬਿਖੁ ਤਿਆਸ ਨਿਵਾਰੀ॥
ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ॥
ਇਹੀ ਅਚਾਰ ਇਹੀ ਬਿਉਹਾਰਾ ਆਗਿਆ ਮਾਨਿ ਭਗਤਿ ਹੋਇ ਤੁਮ੍ਹਾਰੀ॥
ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ॥ (੩੨੨)

- ਚਰਨ ਪਖਾਰਿ ਕਰਉ ਗੁਰ ਸੇਵਾ ਮਨਹਿ ਚਰਾਵਉ ਭੋਗ॥
ਛੋਡਿ ਆਪਤੁ ਬਾਦੁ ਅਹੰਕਾਰਾ ਮਾਨੁ ਸੋਈ ਜੋ ਹੋਗੁ॥ (੭੧੩)

- ਆਉ ਸਖੀ ਸੰਤ ਪਾਸਿ ਸੇਵਾ ਲਾਗੀਐ॥ ਪੀਸਉ ਚਰਣ ਪਖਾਰਿ ਆਪੁ ਤਿਆਗੀਐ॥
ਤਜਿ ਆਪੁ ਮਿਟੈ ਸੰਤਾਪੁ ਆਪੁ ਨਹ ਜਾਣਾਈਐ॥ ਸਰਣਿ ਗਹੀਜੈ ਮਾਨਿ ਲੀਜੈ ਕਰੇ ਸੋ ਸੁਖੁ ਪਾਈਐ॥
ਕਰਿ ਦਾਸ ਦਾਸੀ ਤਜਿ ਉਦਾਸੀ ਕਰ ਜੋੜਿ ਦਿਨੁ ਰੈਣਿ ਜਾਗੀਐ॥
ਨਾਨਕੁ ਵਖਾਣੈ ਗੁਰ ਬਚਨਿ ਜਾਣੈ ਆਉ ਸਖੀ ਸੰਤ ਪਾਸਿ ਸੇਵਾ ਲਾਗੀਐ॥ (੪੫੭)

<u>ਕੇਸਾਂ ਨਾਲ ਚਰਨ ਝਾੜਨੇ</u>

- ਸਤਿਗੁਰੁ ਅਪਨਾ ਸਦ ਸਦਾ ਸਮ੍ਹਾਰੇ॥ ਗੁਰ ਕੇ ਚਰਨ ਕੇਸ ਸੰਗਿ ਝਾਰੇ॥ (੩੮੭)

- ਕਰਿ ਕਿਰਪਾ ਅਪਨਾ ਦਰਸੁ ਦੀਜੈ ਜਸੁ ਗਾਵਉ ਨਿਸਿ ਅਰੁ ਭੋਰ॥
ਕੇਸ ਸੰਗਿ ਦਾਸ ਪਗ ਝਾਰਉ ਇਹੈ ਮਨੋਰਥ ਮੋਰ॥ (੫੦੦)

- ਟਹਲ ਕਰਉ ਤੇਰੇ ਦਾਸ ਕੀ ਪਗ ਝਾਰਉ ਬਾਲ॥ ਮਸਤਕੁ ਅਪਨਾ ਭੇਟ ਦੇਉ ਗੁਨ ਸੁਨਉ ਰਸਾਲ॥ (੮੧੦)

<u>ਨਿਮਰਤਾ ਦਾ ਅਤੇ ਪ੍ਰਭੂ ਦੇ ਮਿਲਣ ਦੀ ਤਾਂਘ</u>

- ਪਾਵ ਮਲੋਵਉ ਸੰਗਿ ਨੈਨ ਭਤੀਰੀ॥ ਜਹਾ ਪਠਾਵਉ ਜਾਂਉ ਤਤੀ ਰੀ॥
ਜਪ ਤਪ ਸੰਜਮ ਦੇਉ ਜਤੀ ਰੀ॥ ਇਕ ਨਿਮਖ ਮਿਲਾਵਹੁ ਮੋਹਿ ਪ੍ਰਾਨਪਤੀ ਰੀ॥ (੭੩੯)

ਗੁਰ ਕੇ ਚਰਣ ਮਨ ਮਾਹਿ ਵਸਾਏ

- ਗੁਰ ਕੇ ਚਰਣ ਊਪਰਿ ਮੇਰੇ ਮਾਥੇ॥ ਤਾ ਤੇ ਦੁਖ ਮੇਰੇ ਸਗਲੇ ਲਾਥੇ॥
ਸਤਿਗੁਰ ਅਪੁਨੇ ਕਉ ਕੁਰਬਾਨੀ॥ ਆਤਮ ਚੀਨਿ ਪਰਮ ਰੰਗ ਮਾਨੀ॥ਰਹਾਉ॥
ਚਰਣ ਰੇਨੁ ਗੁਰ ਕੀ ਮੁਖਿ ਲਾਗੀ॥ ਅਹੰਬੁਧਿ ਤਿਨਿ ਸਗਲ ਤਿਆਗੀ॥
ਗੁਰ ਕਾ ਸਬਦੁ ਲਗੋ ਮਨਿ ਮੀਠਾ॥ ਪਾਰਬ੍ਰਹਮੁ ਤਾ ਤੇ ਮੋਹਿ ਡੀਠਾ॥
ਗੁਰੁ ਸੁਖਦਾਤਾ ਗੁਰੁ ਕਰਤਾਰੁ॥ ਜੀਅ ਪ੍ਰਾਣ ਨਾਨਕ ਗੁਰੁ ਅਧਾਰੁ॥ (੧੮੭)

– ਸਭੇ ਸੁਖ ਭਏ ਪ੍ਰਭ ਤੁਠੇ॥ ਗੁਰ ਪੂਰੇ ਕੇ ਚਰਣ ਮਨਿ ਵੁਠੇ॥
ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ॥ (੧੦੬)

– ਤਾ ਕਉ ਬਿਘਨੁ ਨ ਕੋਊ ਲਾਗੈ ਜੋ ਸਤਿਗੁਰਿ ਅਪੁਨੈ ਰਾਖੇ॥
ਚਰਨ ਕਮਲ ਬਸੇ ਰਿਦ ਅੰਤਰਿ ਅੰਮ੍ਰਿਤ ਹਰਿ ਰਸੁ ਚਾਖੇ॥ (੬੧੬)

– ਚਰਨ ਕਮਲ ਹਿਰਦੈ ਉਰ ਧਾਰੀ॥ ਮਨ ਤਨ ਧਨ ਗੁਰ ਪ੍ਰਾਨ ਅਧਾਰੀ॥ (੧੯੩)

– ਗੁਰ ਕੇ ਚਰਣ ਮਨ ਮਾਹਿ ਵਸਾਇ॥ ਦੁਖੁ ਅਨ੍ਹੇਰਾ ਅੰਦਰਹੁ ਜਾਇ॥
ਆਪੇ ਸਾਚਾ ਲਏ ਮਿਲਾਇ॥ (੧੩੩੫)

– ਮਾਇਆ ਸਾਥਿ ਨ ਚਲਈ ਕਿਆ ਲਪਟਾਵਹਿ ਅੰਧ॥
ਗੁਰ ਕੇ ਚਰਣ ਧਿਆਇ ਤੂ ਤੂਟਹਿ ਮਾਇਆ ਬੰਧ॥ (੧੦੯੩)

– ਗੁਰ ਕੇ ਚਰਨ ਹਿਰਦੈ ਵਸਾਏ॥ ਕਰਿ ਕਿਰਪਾ ਪ੍ਰਭਿ ਆਪਿ ਮਿਲਾਏ॥
ਅਪਨੇ ਸੇਵਕ ਕਉ ਲਏ ਪ੍ਰਭੁ ਲਾਇ॥ ਤਾ ਕੀ ਕੀਮਤਿ ਕਹੀ ਨ ਜਾਇ॥ (੧੨੨੦)

– ਸੇ ਦਾੜੀਆਂ ਸਚੀਆ ਜਿ ਗੁਰ ਚਰਨੀ ਲਗੰਨ੍ਹਿ॥
ਅਨਦਿਨੁ ਸੇਵਨਿ ਗੁਰੁ ਆਪਣਾ ਅਨਦਿਨੁ ਅਨਦਿ ਰਹੰਨ੍ਹਿ॥
ਨਾਨਕ ਸੇ ਮੁਹ ਸੋਹਣੇ ਸਚੈ ਦਰਿ ਦਿਸੰਨ੍ਹਿ॥ (੧੪੧੯)

ਹਰਿ ਚਰਣੀ ਤੂੰ ਲਾਗਿ ਰਹੁ

ਗੁਰੂ ਚਰਨਾਂ ਦੀ ਵਿਚਾਰ ਉਪਰੰਤ ਆਉ ਹੁਣ ਅਕਾਲ ਪੁਰਖ ਦੇ ਚਰਨਾਂ ਨਾਲ ਜੁੜੇ ਰਹਿਣ ਵਾਲੇ ਗੁਰਬਾਣੀ ਸ਼ਬਦਾਂ ਦੀ ਵਿਚਾਰ ਨਾਲ ਜੁੜੀਏ:

– ਹਰਿ ਚਰਣੀ ਜਾ ਕਾ ਮਨੁ ਲਾਗਾ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗਾ॥ (੧੯੪)

– ਹਰਿ ਚਰਣ ਸਰੋਵਰ ਤਹ ਕਰਹੁ ਨਿਵਾਸੁ ਮਨਾ॥ ਕਰਿ ਮਜਨੁ ਹਰਿ ਸਰੇ ਸਭਿ ਕਿਲਬਿਖ ਨਾਸੁ ਮਨਾ॥
ਕਰਿ ਸਦਾ ਮਜਨੁ ਗੋਬਿੰਦ ਸਜਨੁ ਦੁਖ ਅੰਧੇਰਾ ਨਾਸੇ॥ ਜਨਮ ਮਰਣੁ ਨ ਹੋਇ ਤਿਸ ਕਉ ਕਟੈ ਜਮ ਕੇ ਫਾਸੇ॥
ਮਿਲੁ ਸਾਧਸੰਗੇ ਨਾਮ ਰੰਗੇ ਤਹਾ ਪੂਰਨ ਆਸੋ॥
ਬਿਨਵੰਤਿ ਨਾਨਕ ਧਾਰਿ ਕਿਰਪਾ ਹਰਿ ਚਰਣ ਕਮਲ ਨਿਵਾਸੋ॥ (੫੪੪)

– ਦ੍ਰਿਸਟਿ ਧਾਰਿ ਲੀਨੋ ਲੜਿ ਲਾਇ॥ ਹਰਿ ਚਰਣ ਗਹੇ ਨਾਨਕ ਸਰਣਾਇ॥ (੭੪੨)

– ਗੁਰ ਮਿਲਿ ਸਾਗਰੁ ਤਰਿਆ॥ ਹਰਿ ਚਰਣ ਜਪਤ ਨਿਸਤਰਿਆ॥
ਹਰਿ ਚਰਣ ਧਿਆਏ ਸਭਿ ਫਲ ਪਾਏ ਮਿਟੇ ਆਵਣ ਜਾਣਾ॥
ਭਾਇ ਭਗਤਿ ਸੁਭਾਇ ਹਰਿ ਜਪਿ ਆਪਣੇ ਪ੍ਰਭ ਭਾਵਾ॥
ਜਪਿ ਏਕੁ ਅਲਖ ਅਪਾਰ ਪੂਰਨ ਤਿਸੁ ਬਿਨਾ ਨਹੀ ਕੋਈ॥
ਬਿਨਵੰਤਿ ਨਾਨਕ ਗੁਰਿ ਭਰਮੁ ਖੋਇਆ ਜਤ ਦੇਖਾ ਤਤ ਸੋਈ॥ (੭੭੯)

– ਹਰਿ ਚਰਣ ਰਿਦੈ ਵਸਾਇ ਤੂ ਕਿਲਵਿਖ ਹੋਵਹਿ ਨਾਸੁ॥
ਪੰਚ ਭੂ ਆਤਮਾ ਵਸਿ ਕਰਹਿ ਤਾ ਤੀਰਥ ਕਰਹਿ ਨਿਵਾਸੁ॥ (੪੯੧)

– ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ॥

ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ॥ (੬੬੩)

- ਹਰਿ ਚਰਣੀ ਤੂੰ ਲਾਗਿ ਰਹੁ ਗੁਰ ਸਬਦਿ ਸੋਝੀ ਹੋਈ॥
ਹਰਿ ਰਸੁ ਰਸਨਾ ਚਾਖੁ ਤੂੰ ਤਾਂ ਮਨੁ ਨਿਰਮਲੁ ਹੋਈ॥ (੪੯੨)

ਜਦ ਤਕ ਮਨ ਕਿਸੇ ਕਾਮਨਾ ਵਿੱਚ ਬੱਝਾ ਹੋਇਆ ਹੈ, ਪ੍ਰਭੂ ਚਰਨਾਂ ਵਿੱਚ ਨਿਵਾਸ ਕਦੇ ਨਹੀਂ ਹੋ ਸਕਦਾ। ਏਹੀ ਸਿਧਾਂਤ ਸਮਝਾਉਣ ਲਈ ਕਬੀਰ ਜੀ ਦਾ ਇੱਕੋ ਸ਼ਬਦ ਦੋ ਵਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਇਆ ਹੈ। ਪਹਿਲਾ ਸ਼ਬਦ ਜੋ ਗਉੜੀ ਰਾਗ ਵਿੱਚ ਹੈ ਇਸ ਪ੍ਰਕਾਰ ਹੈ:

- ਜਬ ਲਗੁ ਮਨਿ ਬੈਕੁੰਠ ਕੀ ਆਸ॥ ਤਬ ਲਗੁ ਹੋਇ ਨਹੀ ਚਰਨ ਨਿਵਾਸੁ॥ (੩੨੫)

ਅਤੇ ਫਿਰ ਦੂਜੀ ਵਾਰ ਭੈਰਉ ਰਾਗ ਵਿੱਚ ਇਸ ਤਰ੍ਹਾਂ ਹੈ:

- ਜਬ ਲਗੁ ਮਨ ਬੈਕੁੰਠ ਕੀ ਆਸ॥ ਤਬ ਲਗੁ ਨਾਹੀ ਚਰਨ ਨਿਵਾਸ॥ (੧੧੬੧)

ਹਿੰਦੂ ਗ੍ਰੰਥਾਂ ਦੀਆਂ ਕਥਾਵਾਂ ਅਨੁਸਾਰ ਸਮੁੰਦਰ ਰਿੜਕਣ ਉਪਰੰਤ ਪ੍ਰਾਪਤ ਹੋਏ ਕਥਿਤ ਚੌਦਾਂ ਰਤਨਾਂ ਵਿੱਚੋਂ ਇੱਕ ਲਛਮੀ ਵੀ ਸੀ। ਲਛਮੀ ਭਾਵ ਮਾਇਆ ਤੇ ਮੋਹਤ ਹੋ ਕੇ ਉਸਨੂੰ ਬੈਕੁੰਠ ਨਿਵਾਸੀ ਵਿਸ਼ਨੂੰ ਨੇ ਵਰ ਲਿਆ ਅਤੇ ਮਾਇਆ ਪਤੀ ਬਣ ਬੈਠੇ। ਵਿਸ਼ਨੂੰ ਜੀ ਦੀ ਕਾਮਨਾ ਨੇ ਅਥਵਾ ਉਸ ਕਥਿਤ ਭਗਵਾਨ ਦੀ ਤ੍ਰਿਸ਼ਨਾਲੂ ਰੁਚੀ ਨੇ ਮਾਇਆ ਨਾਲ ਬੈਕੁੰਠ ਦਾ ਬੜਾ ਡੂੰਘਾ ਰਿਸ਼ਤਾ ਬਣਾ ਦਿੱਤਾ। ਬੈਕੁੰਠ ਦੀ ਲਾਲਸਾ ਮਾਇਆ ਦੀ ਲਾਲਸਾ ਹੈ। ਜਦੋਂ ਤੱਕ ਮਨੁੱਖ ਨੂੰ ਬੈਕੁੰਠ ਰੂਪ ਮਾਇਆ ਦੀ ਤ੍ਰਿਸ਼ਨਾ ਹੈ ਤਦੋਂ ਤੱਕ ਪ੍ਰਭੂ ਚਰਨਾਂ ਵਿੱਚ ਨਿਵਾਸ ਨਹੀਂ ਹੋ ਸਕਣਾ ਭਾਵ ਵਾਹਿਗੁਰੂ ਦੀ ਨੇੜਤਾ ਨਸੀਬ ਨਹੀਂ ਹੁੰਦੀ। ਇਸ ਲਈ ਜ਼ਰੂਰੀ ਸੱਚਾਈ ਨੂੰ ਦ੍ਰਿੜ੍ਹ ਕਰਾਉਣ ਲਈ ਕਬੀਰ ਸਾਹਿਬ ਨੇ ਉਪਰੋਕਤ ਵਾਕ ਨੂੰ ਦੋ ਵਾਰੀ ਵਰਤਿਆ ਹੈ। ਬੈਕੁੰਠ ਨੂੰ ਸਵਰਗ ਅਥਵਾ ਸੱਚਖੰਡ ਵੀ ਸਮਝਿਆ ਜਾਂਦਾ ਹੈ। ਪਰ ਗੁਰਬਾਣੀ ਨੇ ਕਿਸੇ ਅਸਮਾਨੀ ਸਿਰਜੇ ਹੋਏ ਕਥਿਤ ਸੁਰਗ ਜਾਂ ਸੱਚਖੰਡ ਦੀ ਹੋਂਦ ਦੀ ਪੁਸ਼ਟੀ ਨਹੀਂ ਕੀਤੀ ਸਗੋਂ ਗੁਰਮਤਿ ਨੇ ਸੁਰਗ ਨਰਕ ਨੂੰ ਕੇਵਲ ਭਰਮ ਮੰਨਿਆ ਹੈ। ਉਸ ਬੈਕੁੰਠ ਬਾਰੇ ਗੁਰੂ ਫੁਰਮਾਨ ਇੰਜ ਹਨ:

- ਨਾ ਜਾਨਾ ਬੈਕੁੰਠ ਕਹਾ ਰੀ॥ (੩੨੫)

- ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ॥ (੭੪੯)

ਇਸ ਲਈ ਬੈਕੁੰਠ ਦੀ ਆਸ ਲਾਈ ਰੱਖਣੀ ਪ੍ਰਭੂ ਤੋਂ ਦੂਰੀ ਦਾ ਸਬੱਬ ਬਣਦੀ ਹੈ।

ਚਰਣ ਅਥਵਾ ਪਾਵ ਸ਼ਬਦ ਦੀ ਵਰਤੋਂ ਦੇ ਕੁਝ ਹੋਰ ਰੂਪ

- ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥
ਆਖਾ ਬਿਰਥਾ ਜੀਅ ਕੀ ਗੁਰੁ ਸਜਣੁ ਦੇਹਿ ਮਿਲਾਇ ਜੀਉ॥
ਸੋਈ ਦਸਿ ਉਪਦੇਸੜਾ ਮੇਰਾ ਮਨੁ ਅਨਤ ਨ ਕਾਹੂ ਜਾਇ ਜੀਉ॥
ਇਹੁ ਮਨੁ ਤੈ ਕੂੰ ਡੇਵਸਾ ਮੈ ਮਾਰਗੁ ਦੇਹੁ ਬਤਾਇ ਜੀਉ॥ (੭੬੩)

- ਇਨ੍ਹਿ ਮਾਇਆ ਜਗਦੀਸ ਗੁਸਾਈ ਤੁਮ੍ਰੇ ਚਰਨ ਬਿਸਾਰੇ॥
ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ॥ (੮੫੭)

- ਮਨ ਤਨ ਧਨ ਭੂਮਿ ਕਾ ਠਾਕੁਰੁ ਹਉ ਇਸ ਕਾ ਇਹੁ ਮੇਰਾ॥
ਭਰਮ ਮੋਹ ਕਛੁ ਸੂਝਸਿ ਨਾਹੀ ਇਹ ਪੈਖਰ ਪਏ ਪੈਰਾ॥ (੨੧੫)

- ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈਹੈ॥

ਊਠਤ ਬੈਠਤ ਠੇਗਾ ਪਰਿਹੈ ਤਬ ਕਤ ਮੂਡ ਲੁਕਈਹੈ॥ (੫੨੪)

- ਪਾਵਹੁ ਬੇੜੀ ਹਾਥਹੁ ਤਾਲ॥ ਨਾਮਾ ਗਾਵੈ ਗੁਨ ਗੋਪਾਲ॥ (੧੧੬੬)

- ਕੋਟਿ ਤੀਰਥ ਜਾ ਕੇ ਚਰਨ ਮਝਾਰ॥ ਕੋਟਿ ਪਵਿਤ੍ਰ ਜਪਤ ਨਾਮ ਚਾਰ॥
ਕੋਟਿ ਪੂਜਾਰੀ ਕਰਤੇ ਪੂਜਾ॥ ਕੋਟਿ ਬਿਸਥਾਰਨੁ ਅਵਰੁ ਨ ਦੂਜਾ॥
ਕੋਟਿ ਮਹਿਮਾ ਜਾ ਕੀ ਨਿਰਮਲ ਹੰਸ॥ ਕੋਟਿ ਉਸਤਤਿ ਜਾ ਕੀ ਕਰਤ ਬ੍ਰਹਮੰਸ॥
ਕੋਟਿ ਪਰਲਉ ਓਪਤਿ ਨਿਮਖ ਮਾਹਿ॥ ਕੋਟਿ ਗੁਣਾ ਤੇਰੇ ਗਣੇ ਨ ਜਾਹਿ॥ (੧੧੫੬)

ਨਿਰੰਕਾਰ ਦੇ ਅਥਵਾ ਸ਼ਬਦ ਗੁਰੂ ਦੇ ਚਰਨ

ਗੁਰਬਾਣੀ ਵਿਚਲੇ ਗੁਰ ਸ਼ਬਦਾਂ ਦੀ ਵਿਚਾਰ ਤੋਂ ਸਮਝ ਪੈਂਦੀ ਹੈ ਕਿ ਸਤਿਗੁਰਾਂ ਨੇ ਕੇਵਲ ਉਨ੍ਹਾਂ ਚਰਨਾਂ ਦੀ ਸੋਭਾ ਕੀਤੀ ਹੈ ਜਿਹੜੇ ਮਨੁੱਖ ਨੂੰ ਸਤਸੰਗਤਿ ਵਿੱਚ ਲੈ ਅਪੜਦੇ ਹਨ। ਜਿਹੜੇ ਪੈਰ ਸਤਿਗੁਰਾਂ ਦੇ ਦਰਸ਼ਨਾਂ ਲਈ ਪੈਂਡਾ ਮਾਰਦੇ ਹਨ, ਸ਼ਬਦ ਗੁਰੂ ਨੇ ਉਹੀ ਪੈਰ ਧੰਨ ਕਹੇ ਹਨ। ਭਾਵ ਸਤਿਗੁਰਾਂ ਨੂੰ ਉਹੀ ਪੈਰ ਭਾਏ ਹਨ ਜੋ ਨੇਕੀ ਦੇ ਰਸਤੇ ਤੇ ਤੁਰਦੇ ਹਨ। ਫਿਰ ਸਤਿਗੁਰਾਂ ਨੇ ਗੁਰਮੁਖਾਂ ਦੇ ਚਰਨਾਂ ਦੀ ਧੂੜ ਦੀ ਮਹਿਮਾ ਕੀਤੀ ਹੈ। ਉਨ੍ਹਾਂ ਮਨੁੱਖਾਂ ਨੂੰ ਧੰਨਤਾ ਯੋਗ ਕਿਹਾ ਹੈ ਜਿਹੜੇ ਭਾਗਾਂ ਵਾਲੇ ਗੁਰਮੁਖਾਂ ਦੀ ਚਰਨ ਧੂੜੀ ਵਿੱਚ ਇਸ਼ਨਾਨ ਕਰਦੇ ਹਨ, ਜਿਹੜੇ ਪ੍ਰਭੂ ਪਿਆਰਿਆਂ ਦੇ ਚਰਨ ਪਖਾਰਦੇ ਹਨ। ਉਹ ਮਨੁੱਖ ਧੰਨ ਹਨ ਜੋ ਕਾਮਨਾ ਰਹਿਤ ਹੋ ਕੇ ਲੰਗਰਾਂ ਲਈ ਆਟਾ ਪੀਹ ਕੇ ਲਿਆਉਂਦੇ ਹਨ, ਸੰਤ ਜਨਾਂ ਦੇ ਚਰਨ ਧੋ ਕੇ ਪੱਖਾ ਝੱਲਣ ਦੀ ਅਤੇ ਪਾਣੀ ਢੋਣ ਦੀ ਸੇਵਾ ਕਰਦੇ ਹਨ।

ਉਚੇਚੇ ਧਿਆਨ ਗੋਚਰਾ ਵਿਸ਼ਾ

ਉੱਪਰ ਆਏ ਕਈ ਸ਼ਬਦਾਂ ਤੋਂ ਇਹ ਪਤਾ ਲੱਗਦਾ ਹੈ ਕਿ ਸਤਿਗੁਰਾਂ ਦੇ ਚਰਨਾਂ ਨੂੰ ਹਿਰਦੇ ਵਿੱਚ ਵਸਾਉਣ ਦਾ ਉਪਦੇਸ਼ ਕਈ ਵਾਰੀ ਆਇਆ ਹੈ। ਵਾਹਿਗੁਰੂ ਜੀ ਦੇ ਚਰਨਾਂ ਨਾਲ ਜੁੜੇ ਰਹਿਣ ਦੀ, ਪ੍ਰਭੂ ਚਰਨਾਂ ਵਿੱਚ ਨਿਵਾਸ ਮਿਲਣ ਦੀ ਗੱਲ ਬਹੁਤ ਵਾਰੀ ਲਿਖੀ ਹੈ। ਗੁਰਮਤਿ ਸਿਧਾਂਤ ਦੇ ਇਸ ਪੱਖ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

ਸੰਸਾਰ ਦੇ ਲਗਭਗ ਸਾਰੇ ਵੱਡੇ ਧਰਮਾਂ ਨੇ ਪ੍ਰਮਾਤਮਾ ਨੂੰ ਵਿਅਕਤੀ ਨਹੀਂ ਸਗੋਂ ਪਰਮ ਸ਼ਕਤੀ ਮੰਨਿਆ ਹੈ। ਗੁਰਮਤਿ ਨੇ ਅਕਾਲ ਪੁਰਖ ਦਾ ਚਿਹਨ ਚੱਕਰ, ਰੂਪ ਰੰਗ, ਜਾਤ-ਪਾਤ ਆਦਿ ਕੁਝ ਵੀ ਨਹੀਂ ਮੰਨਿਆ। ਸੰਸਾਰ ਵਿੱਚ ਅਜਿਹਾ ਕੋਈ ਮਨੁੱਖ ਨਹੀਂ ਹੋਇਆ ਜਿਸ ਨੇ ਕਦੇ ਈਸ਼ਵਰ ਦੇ ਸਰਬ ਰੂਪ ਦਾ ਪੂਰਾ ਪਤਾ ਦਿੱਤਾ ਹੋਵੇ। ਫਿਰ ਜਿਸ ਪ੍ਰਭੂ ਦਾ ਆਪਣਾ ਵਿਸ਼ੇਸ਼ ਆਕਾਰ ਹੈ ਹੀ ਨਹੀਂ, ਜਿਸਨੂੰ ਬਾਰ-ਬਾਰ ਨਿਰੰਕਾਰ ਲਿਖਿਆ ਤੇ ਕਿਹਾ ਗਿਆ ਹੈ, ਉਸ ਪ੍ਰਮਾਤਮਾ ਦੇ ਚਰਨ ਅਥਵਾ ਪੈਰ ਕਿਹੜੇ ਹਨ?

ਏਸੇ ਤਰ੍ਹਾਂ ਗੁਰਮਤਿ ਦਾ ਗੁਰੂ ''ਸ਼ਬਦ ਗਿਆਨ'' ਹੈ। ਦਸ਼ਮੇਸ਼ ਪਿਤਾ ਦਾ ਫੁਰਮਾਨ ਹੈ **''ਗਿਆਨ ਗੁਰੂ ਆਤਮ ਉਪਦੇਸਹੁ''** ਅਤੇ ਫਿਰ ਗੁਰੂ ਗ੍ਰੰਥ ਸਾਹਿਬ ਜੀ ਦਾ ਵੀ ਫੁਰਮਾਨ **''ਕਹੁ ਕਬੀਰ ਮੈ ਸੋ ਗੁਰ ਪਾਇਆ ਜਾ ਕਾ ਨਾਉ ਬਿਬੇਕੁ''**॥ ਬਿਬੇਕ ਦਾ ਅਰਥ ਹੈ ਖੋਟੇ ਖਰੇ ਦੀ ਪਛਾਣ ਕਰ ਸਕਣ ਦੀ ਸਮਰੱਥਾ ਵਾਲਾ ਸ਼ੁੱਧ ਗਿਆਨ। ਜਿਸ ਸਰੀਰ ਵਿੱਚ ਗਿਆਨ ਨਹੀਂ, ਉਹ ਕਦੇ ਕਿਸੇ ਦਾ ਗੁਰੂ ਨਹੀਂ ਬਣ ਸਕਿਆ। ਪ੍ਰਮਾਤਮਾ ਵਾਂਗ ਹੀ ਸਿੱਖੀ ਦੇ ਗੁਰਦੇਵ (ਸ਼ਬਦ ਗੁਰੂ) ਦਾ ਵੀ ਚਿਹਨ ਚੱਕਰ, ਰੰਗ ਰੂਪ ਕੁਝ ਨਹੀਂ ਹੈ। ਸ਼ਬਦ ਗੁਰੂ ਵੀ ਆਕਾਰ ਰਹਿਤ ਹੈ। ਰੱਬ ਵਾਂਗ ਸ਼ਬਦ ਗੁਰੂ ਭਾਵ ਗੁਰਬਾਣੀ ਵੀ ਨਿਰੰਕਾਰ ਹੀ ਹੈ।

- ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥ (੫੧੫)

ਸੋ ਸਿੱਖ ਦੇ ਗੁਰੂ ਦੇ ਵੀ ਚਰਨ ਕੋਈ ਨਹੀਂ ਹਨ। ਫਿਰ ਨਿਰਅਕਾਰ ਵਾਹਿਗੁਰੂ ਅਤੇ ਆਕਾਰ ਰਹਿਤ ਸਤਿਗੁਰੂ ਦੇ ਚਰਨ ਅਥਵਾ ਉਨ੍ਹਾਂ ਦੇ ਚਰਨਾਂ ਦੀ ਧੂੜ ਬਾਰੇ ਏਨੇ ਗੁਰਬਾਣੀ ਸ਼ਬਦ ਲਿਖਣ ਦਾ ਕੀ ਭੇਤ ਹੈ? ਇਹ ਕਹਿਣਾ ਗੁਰਬਾਣੀ ਦੀ ਘੋਰ ਅਵੱਗਿਆ ਹੋਵੇਗੀ ਕਿ ਜਿਸ ਸਮੇਂ ਗੁਰਬਾਣੀ ਉਚਾਰੀ ਗਈ ਸੀ ਜਾਂ ਲਿਖੀ ਗਈ ਸੀ, ਉਸ ਸਮੇਂ

ਦੇ ਗੁਰੂ ਸਾਹਿਬਾਨ ਦੇ ਪਾਵਨ ਸਰੀਰ ਦੇ ਹੱਥ ਪੈਰ ਸਾਰੇ ਅੰਗ ਸਨ। ਇਸ ਤਰ੍ਹਾਂ ਦੀ ਤਰਕ ਗੁਰਬਾਣੀ ਦੇ ਸਦੀਵੀ ਸੱਚ ਨੂੰ ਚੋਟ ਪਹੁੰਚਾਉਂਦੀ ਹੈ। ਗੁਰੂ ਨਾਨਕ ਸਾਹਿਬ ਜੀ ਨੇ ਪਹਿਲੇ ਸਰੂਪ ਸਮੇਂ ਹੀ ਸਪੱਸ਼ਟ ਕਰ ਦਿੱਤਾ ਸੀ ਕਿ ਸਰੀਰ ਕਦੇ ਵੀ ਕਿਸੇ ਦਾ ਗੁਰੂ ਨਹੀਂ ਹੋਇਆ, ਸਰੀਰ ਵਿਚਲਾ ਗਿਆਨ ਹੀ ਗੁਰੂ ਬਣਦਾ ਹੈ। ਜਿਸ ਦੇਹ ਸਰੀਰ ਵਿੱਚ ਕਿਸੇ ਗਿਆਨ ਦੀ ਸੁੱਧ ਬੁੱਧ ਨਾ ਰਹੇ ਅਜਿਹਾ ਸਰੀਰ ਭਾਵੇਂ ਅਜੇ ਕੱਲ੍ਹ ਗੁਰੂ ਜਾਂ ਪਿਤਾ ਸਮਝ ਕੇ ਸਤਿਕਾਰਿਆ ਜਾਂਦਾ ਸੀ ਉਸ ਨੂੰ ਕਈ ਵਾਰ ਲੋਕ ਪਾਗਲਖਾਨੇ ਬੰਦ ਕਰਵਾ ਆਉਂਦੇ ਹਨ। ਸੋ ਗੁਰਮਤਿ ਨੇ ਕੇਵਲ ਸ਼ਬਦ ਗਿਆਨ ਨੂੰ ਹੀ ਗੁਰੂ ਮੰਨਿਆ ਹੈ। ਗੁਰਬਾਣੀ ਦੇ ਜਿਹੜੇ ਅਰਥ ਸਤਿਗੁਰਾਂ ਦੇ ਸਮੇਂ ਸਨ ਅੱਜ ਵੀ ਉਹੀ ਹਨ ਅਤੇ ਰਹਿੰਦੀ ਦੁਨੀਆਂ ਤੱਕ ਉਨ੍ਹਾਂ ਅਰਥਾਂ ਵਿੱਚ ਕੋਈ ਫ਼ਰਕ ਨਹੀਂ ਆਉਣਾ। ਉਪਰੋਕਤ ਸਪੱਸ਼ਟ ਗੁਰੂ ਫੁਰਮਾਨਾਂ ਤੋਂ ਛੁੱਟ ਅਜਿਹੀ ਤਰਕਮਈ ਵਿਚਾਰ ਹੇਠ ਦਿੱਤੇ ਗੁਰੂ ਫੁਰਮਾਨਾਂ ਦੀ ਅਵੱਗਿਆ ਵੀ ਕਰਦੀ ਹੈ:

– ਹਮ ਸਬਦਿ ਮੁਏ ਸਬਦਿ ਮਾਰਿ ਜੀਵਾਲੇ ਭਾਈ ਸਬਦੇ ਹੀ ਮੁਕਤਿ ਪਾਈ॥
ਸਬਦੇ ਮਨੁ ਤਨੁ ਨਿਰਮਲੁ ਹੋਆ ਹਰਿ ਵਸਿਆ ਮਨਿ ਆਈ॥
ਸਬਦੁ ਗੁਰ ਦਾਤਾ ਜਿਤੁ ਮਨੁ ਰਾਤਾ ਹਰਿ ਸਿਉ ਰਹਿਆ ਸਮਾਈ॥ (੬੦੧)

– ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ॥
ਅਕਥ ਕਥਾ ਲੇ ਰਹਉ ਨਿਰਾਲਾ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ॥
ਏਕੁ ਸਬਦੁ ਜਿਤੁ ਕਥਾ ਵੀਚਾਰੀ॥ ਗੁਰਮੁਖਿ ਹਉਮੈ ਅਗਨਿ ਨਿਵਾਰੀ॥ (੯੪੩)

ਸੋ ਸਪੱਸ਼ਟ ਹੈ ਕਿ ਅਰੰਭ ਤੋਂ ਗੁਰਸਿੱਖੀ ਦਾ ਗੁਰੂ ਸ਼ਬਦ ਗਿਆਨ ਹੀ ਹੈ ਅਤੇ ਇਹ ਨਿਆਰਾ ਗੁਰੂ ਸਰਬਕਾਲੀ ਅਤੇ ਸਰਬਥਾਨੀ ਹੈ। ਅਸਾਂ ਰਲ ਮਿਲ ਕੇ ਪ੍ਰਭੂ ਚਰਨਾਂ ਬਾਰੇ ਅਤੇ ਗੁਰੂ ਚਰਨਾਂ ਬਾਰੇ ਬਿਬੇਕ ਗੁਰਮਤਿ ਵਿਚਾਰ ਕਰਨੀ ਹੈ। ਸੁਰਤਿ ਜੋੜ ਕੇ, ਮਨ ਨੂੰ ਸਥਿਰ ਕਰ ਕੇ, ਵਿਚਾਰ ਕਰੀਏ ਤਾਂ ਅਸਲੀਅਤ ਦੀ ਸਮਝ ਝੱਟ ਆ ਜਾਂਦੀ ਹੈ ਅਤੇ ਉਪਰੋਕਤ ਸ਼ੰਕਾ ਆਪਣੇ ਆਪ ਹੀ ਨਿਰਮੂਲ ਸਿੱਧ ਹੋ ਜਾਂਦੀ ਹੈ। ਸ਼ਕਤੀਰੂਪ ਪ੍ਰਮਾਤਮਾ ਆਪਣੀ ਸਿਰਜਣਾ ਦੇ ਕਣ-ਕਣ ਵਿੱਚ ਵਿਆਪਕ ਹੈ। ਸਾਰੇ ਜੀਵਾਂ ਦੇ ਪੈਰ ਪ੍ਰਭੂ ਦੇ ਹੀ ਚਰਨ ਹਨ:

– ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁਹੀ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥ (੧੩)

ਸਤਿਗੁਰੂ ਨਾਨਕ ਨਿਰੰਕਾਰੀ ਜੀ ਦੇ ਇਸ ਬਚਨ ਤੋਂ ਸਿੱਧ ਹੈ ਕਿ ਸਾਰੀ ਸਿਰਜਨਾ ਵਿਚਲੇ ਜੀਵਾਂ ਦੇ ਪੈਰ ਅਕਾਲ ਪੁਰਖ ਦੇ ਹੀ ਚਰਨ ਹਨ। ਸੋ ਇਹ ਜੋ ਸੰਸਾਰ ਦਿਸ ਰਿਹਾ ਹੈ, ਏਹ ਹਰੀ ਦਾ ਹੀ ਰੂਪ ਹੈ:

– ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥ (੯੨੨)

ਸੋ ਚਰਨ ਕਹਿਣ ਤੋਂ ਸਤਿਗੁਰਾਂ ਦਾ ਭਾਵ ਨਿਮਰਤਾ ਹੈ। ਮਨ ਵਿੱਚ ਨਿਮਰਤਾ ਧਾਰਨ ਕਰਕੇ ਸੰਸਾਰ ਵਿੱਚ ਵਸਦੇ ਪ੍ਰਭੂ ਦੇ ਦਰਸ਼ਨ ਕਰਨੇ, ਉਸਦਾ ਧਿਆਨ ਧਰਨਾ, ਪ੍ਰਭੂ ਦੇ ਚਰਨਾਂ ਦਾ ਅਸਲ ਧਿਆਨ ਧਰਨਾ ਹੈ। ਅਕਾਲ ਪੁਰਖ ਦੇ ਚਰਨਾਂ ਨਾਲ ਜੁੜਿਆ ਏਹੀ ਉਹ ਮਨ ਹੈ ਜਿਸ ਬਾਰੇ ਸਤਿਗੁਰਾਂ ਦਾ ਫੁਰਮਾਨ ਹੈ:

– ਹਰਿ ਚਰਣੀ ਜਾ ਕਾ ਮਨੁ ਲਾਗਾ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗਾ॥ (੧੯੪)

ਅਤੇ ਫਿਰ ਪ੍ਰਮਾਤਮਾ ਦੇ ਚਰਨਾਂ ਦੀ ਧੂੜ ਹੋਣ ਦਾ ਅਰਥ ਆਪਣੇ ਮਨ ਨੂੰ ਏਨਾ ਨਿੰਮਰੀਤੂ, ਨਿੰਮਰੀਭੂਤ ਸਦੀਵ ਪਰਮ ਪਿਆਰ ਵਾਲਾ ਬਣਾ ਲੈਣਾ ਹੈ ਕਿ ਉਹ ਆਪਣੇ ਆਪ ਨੂੰ ਸਾਰਿਆਂ ਦੀ ਚਰਨ ਧੂੜ ਸਮਝੇ। ਸਰਬੱਤ ਦੀ ਚਰਨ ਧੂੜ ਪ੍ਰਮਾਤਮਾ ਦੀ ਆਪਣੀ ਚਰਨ ਧੂੜ ਹੈ, ਸਰਬੱਤ ਦੇ ਚਰਨਾਂ ਦੀ ਧੂੜ ਦਾ ਇਸ਼ਨਾਨ, ਪ੍ਰਮਾਤਮਾ ਦੇ ਹੀ ਚਰਨਾਂ ਦੀ ਧੂੜ ਦਾ ਇਸ਼ਨਾਨ ਹੈ। ਮਨੁੱਖ ਨੂੰ ਪ੍ਰਮਾਤਮਾ ਨਾਲ ਜੋੜਨ ਆਏ ਸਤਿਗੁਰੂ ਨਾਨਕ ਜੀ ਦਾ ਫੁਰਮਾਨ ਹੈ ਕਿ ਹੇ ਭਾਈ! ਜੇ ਤੂੰ ਪ੍ਰਭੂ ਨਾਲ ਮਿਲਾਪ ਚਾਹੁੰਦਾ ਹੈਂ ਤਾਂ ਆਪਣੀ ਹੰਕਾਰੀ ਮਤਿ ਦਾ ਤਿਆਗ ਕਰਕੇ ਕਾਮ, ਕ੍ਰੋਧ, ਹੰਕਾਰ ਆਦਿ ਵਿਕਾਰਾਂ ਵੱਲੋਂ ਆਪਣੇ ਆਪ ਨੂੰ ਸਦਾ ਲਈ ਮਾਰ ਦੇਣਾ ਹੋਵੇਗਾ। ਮਨ ਵਿੱਚ ਏਨੀ ਨਿਮਰਤਾ ਭਰਨੀ ਹੈ ਕਿ

ਇਹ ਹੰਕਾਰੀ ਮਨ ਸਰਬੱਤ ਦੇ ਚਰਨਾਂ ਦੀ ਖਾਕ ਬਣ ਜਾਵੇ। ਸਤਿਗੁਰਾਂ ਦੀ ਸਿੱਖੀ ਧਾਰਨ ਕਰਨ ਲਈ ਵਚਨ ਬੱਧ ਹੋਣਾ ਹੈ ਕਿ:

– ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥ (੧੧੦੨)

– ਸੰਤਹੁ ਇਹਾ ਬਤਾਵਹੁ ਕਾਰੀ॥ ਜਿਤੁ ਹਉਮੈ ਗਰਬੁ ਨਿਵਾਰੀ॥ਰਹਾਉ॥
ਸਰਬ ਭੂਤ ਪਾਰਬ੍ਰਹਮੁ ਕਰਿ ਮਾਨਿਆ ਹੋਵਾਂ ਸਗਲ ਰੇਨਾਰੀ॥
ਪੇਖਿਓ ਪ੍ਰਭ ਜੀਉ ਅਪੁਨੈ ਸੰਗੇ ਚੂਕੈ ਭੀਤਿ ਭ੍ਰਮਾਰੀ॥
ਅਉਖਧੁ ਨਾਮੁ ਨਿਰਮਲ ਜਲੁ ਅੰਮ੍ਰਿਤੁ ਪਾਈਐ ਗੁਰੂ ਦੁਆਰੀ॥
ਕਹੁ ਨਾਨਕ ਜਿਸੁ ਮਸਤਕਿ ਲਿਖਿਆ ਤਿਸੁ ਗੁਰ ਮਿਲਿ ਰੋਗ ਬਿਦਾਰੀ॥ (੬੧੬)

– ਗਰੀਬੀ ਗਦਾ ਹਮਾਰੀ॥ ਖੰਨਾ ਸਗਲ ਰੇਨੁ ਛਾਰੀ॥
ਇਸੁ ਆਗੈ ਕੋ ਨ ਟਿਕੈ ਵੇਕਾਰੀ॥ ਗੁਰ ਪੂਰੇ ਏਹ ਗਲ ਸਾਰੀ॥ (੬੨੮)

– ਸਦ ਹੀ ਨਿਕਟਿ ਜਾਨਉ ਪ੍ਰਭ ਸੁਆਮੀ ਸਗਲ ਰੇਣ ਹੋਇ ਰਹੀਐ॥
ਸਾਧੂ ਸੰਗਤਿ ਹੋਇ ਪਰਾਪਤਿ ਤਾ ਪ੍ਰਭੁ ਅਪੁਨਾ ਲਹੀਐ॥ (੭੧੩)

– ਗੁਰ ਕੇ ਚਰਨ ਕਮਲ ਨਮਸਕਾਰਿ॥ ਕਾਮੁ ਕ੍ਰੋਧੁ ਇਸੁ ਤਨ ਤੇ ਮਾਰਿ॥
ਹੋਇ ਰਹੀਐ ਸਗਲ ਕੀ ਰੀਨਾ॥ ਘਟਿ ਘਟਿ ਰਮਈਆ ਸਭ ਮਹਿ ਚੀਨਾ॥
ਇਨ ਬਿਧਿ ਰਮਹੁ ਗੋਪਾਲ ਗੁਰਬਿੰਦੁ॥ ਤਨੁ ਧਨੁ ਪ੍ਰਭ ਕਾ ਪ੍ਰਭ ਕੀ ਜਿੰਦੁ॥ਰਹਾਉ॥
ਆਠ ਪਹਰ ਹਰਿ ਕੇ ਗੁਣ ਗਾਉ॥ ਜੀਅ ਪ੍ਰਾਨ ਕੋ ਇਹੈ ਸੁਆਉ॥
ਤਜਿ ਅਭਿਮਾਨੁ ਜਾਨੁ ਪ੍ਰਭੁ ਸੰਗਿ॥ ਸਾਧ ਪ੍ਰਸਾਦਿ ਹਰਿ ਸਿਉ ਮਨੁ ਰੰਗਿ॥
ਜਿਨਿ ਤੂੰ ਕੀਆ ਤਿਸ ਕਉ ਜਾਨੁ॥ ਆਗੈ ਦਰਗਹ ਪਾਵੈ ਮਾਨੁ॥
ਮਨੁ ਤਨੁ ਨਿਰਮਲ ਹੋਇ ਨਿਹਾਲੁ॥ ਰਸਨਾ ਨਾਮੁ ਜਪਤ ਗੋਪਾਲ॥
ਕਰਿ ਕਿਰਪਾ ਮੇਰੇ ਦੀਨ ਦਇਆਲਾ॥ ਸਾਧੂ ਕੀ ਮਨੁ ਮੰਗੈ ਰਵਾਲਾ॥
ਹੋਹੁ ਦਇਆਲ ਦੇਹੁ ਪ੍ਰਭ ਦਾਨੁ॥ ਨਾਨਕੁ ਜਪਿ ਜੀਵੈ ਪ੍ਰਭ ਨਾਮੁ॥ (੮੬੬)

– ਸਭ ਕੀ ਰੇਨ ਹੋਇ ਮਨੁ ਮੇਰਾ ਅਹੰਬੁਧਿ ਤਜਾਵਹੁ॥
ਅਪਨੀ ਭਗਤਿ ਦੇਹਿ ਦਇਆਲਾ ਵਡਭਾਗੀ ਨਾਨਕ ਹਰਿ ਪਾਵਹੁ॥ (੧੧੨੦)

– ਜਿਸੁ ਸਰਬ ਸੁਖਾ ਫਲ ਲੋੜੀਅਹਿ ਸੋ ਸਚੁ ਕਮਾਵਉ॥ ਨੇੜੈ ਦੇਖਉ ਪਾਰਬ੍ਰਹਮੁ ਇਕੁ ਨਾਮੁ ਧਿਆਵਉ॥
ਹੋਇ ਸਗਲ ਕੀ ਰੇਣੁਕਾ ਹਰਿ ਸੰਗਿ ਸਮਾਵਉ॥ ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ॥
ਪਤਿਤ ਪੁਨੀਤ ਕਰਤਾ ਪੁਰਖੁ ਨਾਨਕ ਸੁਣਾਵਉ॥ (੩੨੨)

– ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ॥
ਸਤੁ ਸੰਤੋਖੁ ਦਇਆ ਧਰਮੁ ਸਚੁ ਇਹ ਅਪੁਨੈ ਗ੍ਰਿਹ ਭੀਤਰਿ ਵਾਰੇ॥
ਜਨਮ ਮਰਨ ਚੂਕੇ ਸਭਿ ਭਾਰੇ॥
ਮਿਲਤ ਸੰਗਿ ਭਇਓ ਮਨੁ ਨਿਰਮਲੁ ਗੁਰਿ ਪੂਰੈ ਲੈ ਖਿਨ ਮਹਿ ਤਾਰੇ॥ਰਹਾਉ॥
ਸਭ ਕੀ ਰੇਨੁ ਹੋਇ ਰਹੈ ਮਨੂਆ ਸਗਲੇ ਦੀਸਹਿ ਮੀਤ ਪਿਆਰੇ॥
ਸਭ ਮਧੇ ਰਵਿਆ ਮੇਰਾ ਠਾਕੁਰੁ ਦਾਨੁ ਦੇਤ ਸਭਿ ਜੀਅ ਸਮ੍ਹਾਰੇ॥ (੩੭੯)

– ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ॥

ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ॥
ਫਲੁ ਤੇਵਹੋ ਪਾਈਐ ਜੇਵੇਹੀ ਕਾਰ ਕਮਾਈਐ॥
ਜੇ ਹੋਵੈ ਪੂਰਬਿ ਲਿਖਿਆ ਤਾ ਧੂੜਿ ਤਿਨ੍ਹਾ ਦੀ ਪਾਈਐ॥
ਮਤਿ ਥੋੜੀ ਸੇਵ ਗਵਾਈਐ॥ (੪੬੮)

ਹਰ ਸਮੇਂ ਹਰ ਥਾਂ ਹਰ ਜੀਵ ਵਿੱਚ ਵਿਆਪਕ ਸਿਰਜਣਹਾਰ ਦੇ ਦਰਸ਼ਨਾਂ ਵਾਲੀ ਨਜ਼ਰ ਦਾ ਮਾਲਕ ਹੋਣਾ ਅਤੇ ਫਿਰ ਪੱਕੇ ਵਿਸ਼ਵਾਸ ਵਾਲਾ ਨਿਰਮਲ ਭਉ ਹਰ ਸਮੇਂ ਦਿਲ ਵਿੱਚ ਰਹਿਣਾ ਕਿ ਪ੍ਰਮਾਤਮਾ ਮੇਰੇ ਅੰਦਰ ਦਰਬਾਰ ਲਾਈ ਬੈਠਾ ਹੈ ਜੋ ਮੇਰੇ ਚੰਗੇ ਮੰਦੇ ਕਰਮਾਂ ਦੀ ਅਤੇ ਮੇਰੇ ਮਨ ਦੇ ਚੰਗੇ ਮੰਦੇ ਵਿਚਾਰਾਂ ਦੀ ਵੀ ਪਰਖ ਕਰਕੇ ਮੇਰੀ ਅਗਲੀ ਜ਼ਿੰਦਗੀ ਦਾ ਫ਼ੈਸਲਾ, ਮੇਰੇ ਆਤਮ-ਕਾਗਜ਼ ਤੇ ਨਾਲੋ-ਨਾਲ ਅੰਕਿਤ ਕਰੀ ਜਾ ਰਿਹਾ ਹੈ। ਪ੍ਰਭੂ ਦੀ ਨੇੜਤਾ ਦਾ ਅਜਿਹਾ ਅਨੁਭਵ ਪੱਕਾ ਹੋ ਜਾਣ ਤੋਂ ਮਨੁੱਖ ਬੁਰਾ ਨਹੀਂ ਕਰ ਸਕਦਾ, "**ਨਿਕਟਿ ਬੁਝੈ ਸੋ ਬੁਰਾ ਕਿਉ ਕਰੈ**"॥ ਪਰ ਅਜਿਹੀ ਅਵਸਥਾ ਦੀ ਪ੍ਰਾਪਤੀ ਲਈ ਆਪਾ ਭਾਵ ਮਿਟਾਕੇ ਸਤਿਗੁਰਾਂ ਦੀ ਸ਼ਰਣ ਪੈਣ ਦੀ ਲੋੜ ਹੈ। ਆਪਣੇ ਮਨ ਦੀ ਮਤਿ ਅਨੁਸਾਰ ਬਣਿਆ ਮੈਂ ਮੇਰੀ ਵਾਲਾ ਸੁਭਾਉ ਤਿਆਗਣਾ ਹੁੰਦਾ ਹੈ। ਨਿਮਰਤਾ, ਸਹਿਣਸ਼ੀਲਤਾ, ਖਿਮਾ ਜੇਹੇ ਗੁਣ ਪੈਦਾ ਹੋ ਜਾਣ ਨਾਲ ਉੱਚੀ ਆਤਮਿਕ ਅਵਸਥਾ ਵਾਲਾ ਅਥਵਾ ਸੁੱਚੇ ਆਚਰਣ ਵਾਲਾ ਜੀਵਨ ਬਣ ਜਾਂਦਾ ਹੈ। ਮਨੁੱਖ ਸੰਸਾਰੀ ਦੁੱਖਾਂ ਵੱਲੋਂ ਨਿਰਭਉ ਹੋ ਜਾਂਦਾ ਹੈ। ਹਰ ਥਾਂ ਹਰ ਪਾਸੇ ਸੱਜਣ ਹੀ ਸੱਜਣ ਨਜ਼ਰ ਆਉਣ ਲੱਗ ਪੈਂਦੇ ਹਨ। ਮਨੁੱਖ ਨਿਰਭਉ ਦੇ ਨਾਲ ਨਿਰਵੈਰ ਜੀਵਨ ਵਾਲਾ ਵੀ ਬਣ ਜਾਂਦਾ ਹੈ। ਪਰਮ ਜੋਤਿ ਪ੍ਰਮਾਤਮਾ ਨਾਲ ਅਜਿਹਾ ਸੰਬੰਧ ਬਣਾਉਣ ਲਈ ਸਤਿਗੁਰਾਂ ਨੇ ਮਨੁੱਖ ਨੂੰ ਸਭ ਦੀ ਚਰਨ ਧੂੜ ਬਣ ਜਾਣ ਦੀ ਸੂਰਤ ਲਾਈ ਹੈ। ਮਨੁੱਖ ਦੇ ਅੰਦਰੋਂ ਦੁਖਦਾਈ ਹਉਮੈ ਦੂਰ ਕਰਨ ਲਈ ਉਸ ਮਿੱਟੀ ਦਾ ਚੇਤਾ ਵੀ ਕਰਾਇਆ ਹੈ ਜਿਸ ਵਿੱਚ ਅੰਤ ਨੂੰ ਮਨੁੱਖਾ ਸਰੀਰ ਨੇ ਰਲ ਜਾਣਾ ਹੁੰਦਾ ਹੈ।

- ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ॥ ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ॥ (੧੩੭੮)

- ਹਮ ਢੀਂਢੇ ਢੀਮ ਬਹੁਤੁ ਅਤਿ ਭਾਰੀ ਹਰਿ ਧਾਰਿ ਕ੍ਰਿਪਾ ਪ੍ਰਭ ਮਿਲਛੇ॥
ਜਨ ਨਾਨਕ ਗੁਰੁ ਪਾਇਆ ਹਰਿ ਤੂਠੇ ਹਮ ਕੀਏ ਪਤਿਤ ਪਵੀਛੇ॥ (੧੧੭੮)

ਅਤਿਅੰਤ ਦਰਜੇ ਦੀ ਨਿਮਰਤਾ ਅਤੇ ਨਿਸ਼ਕਾਮ ਸੇਵਾ ਦੇ ਸਦਕੇ ਹੀ ਲਹਿਣਾ ਜੀ ਤੋਂ ਗੁਰੂ ਅੰਗਦ ਜੀ, ਅਮਰੂ ਤੋਂ ਸਤਿਗੁਰੂ ਅਮਰਦਾਸ ਜੀ ਅਤੇ ਜੇਠੇ ਤੋਂ ਗੁਰੂ ਰਾਮਦਾਸ ਜੀ ਬਣਦੇ ਰਹੇ। ਸ਼ਾਇਦ ਸਤਿਗੁਰਾਂ ਦੇ ਏਸੇ ਉਪਦੇਸ਼ ਤੋਂ ਪ੍ਰੇਰਨਾ ਲੈ ਕੇ ਉਰਦੂ ਦੇ ਸ਼ਾਇਰ ਦਾ ਹਿਰਦਾ ਪੁਕਾਰ ਉਠਿਆ ਸੀ:

- ਮਿਟਾ ਦੇ ਅਪਣੀ ਹਸਤੀ ਕੋ ਅਗਰ ਕੁਛ ਮਰਤਬਾ ਚਾਹੇ॥
ਕਿ ਦਾਨਾ ਖ਼ਾਕ ਮੇ ਮਿਲ ਕਰ ਗੁਲੋਂ ਗੁਲਜ਼ਾਰ ਹੋਤਾ ਹੈ॥

ਸਰਬੱਤ ਦੇ ਚਰਨਾਂ ਦੀ ਧੂੜ ਪ੍ਰਮਾਤਮਾ ਦੇ ਚਰਨ ਹਨ। ਇਸ ਲਈ ਗੁਰਬਾਣੀ ਵਿੱਚ ਜਿੱਥੇ ਵੀ ਪ੍ਰਭੂ ਚਰਨਾਂ ਦਾ ਜ਼ਿਕਰ ਹੈ ਸਮਝੋ ਕਿ ਸਤਿਗੁਰਾਂ ਦਾ ਉਪਦੇਸ਼ ਸਰਬੱਤ ਦੇ ਚਰਨਾਂ ਦੀ ਧੂੜ ਬਣ ਕੇ, ਭਾਵ ਪੂਰਨ ਤੌਰ 'ਤੇ ਆਪਾ ਭਾਵ ਮਿਟਾ ਕੇ ਪੂਰਨ ਨਿਮਰਤਾ ਸਹਿਤ ਪ੍ਰਭੂ ਦੀ ਸਦੀਵੀ ਯਾਦ ਨਾਲ ਮਨ ਜੋੜਨ ਦਾ ਹੁਕਮ ਹੈ।

ਸਤਿਗੁਰਾਂ ਦੇ ਚਰਨ

- ਮਹਾ ਅਨੰਦ ਮੰਗਲ ਰੂਪ ਤੁਮਰੇ ਬਚਨ ਅਨੂਪ ਰਸਾਲ॥
ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ॥ (੬੮੦)

ਆਪਣੀ ਮਤਿ ਤਿਆਗ ਕੇ ਪੂਰੀ ਨਿਮਰਤਾ ਨਾਲ ਗੁਰੂ ਦੇ ਸ਼ਬਦ ਗਿਆਨ ਨੂੰ ਹਿਰਦੇ ਵਿੱਚ ਦ੍ਰਿੜ੍ਹ ਕਰਨਾ ਅਤੇ ਉਸ ਅਨੁਸਾਰ ਆਪਣਾ ਜੀਵਨ ਢਾਲ ਲੈਣਾ ਹੀ ਗੁਰੂ ਦੇ ਚਰਨਾਂ ਦਾ ਧਿਆਨ ਹੈ, ਏਹੀ ਗੁਰੂ ਦੇ ਚਰਨ ਧੋਣਾ ਹੈ ਅਤੇ ਏਹੀ ਹੈ ਗੁਰੂ ਦੇ ਚਰਨ ਧੂੜ ਦਾ ਇਸ਼ਨਾਨ।

– ਪੈ ਪਾਇ ਮਨਾਈ ਸੋਇ ਜੀਉ॥
ਸਤਿਗੁਰ ਪੁਰਖਿ ਮਿਲਾਇਆ ਤਿਸੁ ਜੇਵਡੁ ਅਵਰੁ ਨ ਕੋਇ ਜੀਉ॥ਰਹਾਉ॥
ਗੋਸਾਈ ਮਿਹੰਡਾ ਇਠੜਾ॥ ਅੰਮ ਅਬੇ ਥਾਵਹੁ ਮਿਠੜਾ॥
ਭੈਣ ਭਾਈ ਸਭਿ ਸਜਣਾ ਤੁਧੁ ਜੇਹਾ ਨਾਹੀ ਕੋਇ ਜੀਉ॥ (੭੩)

– ਲਗੜੀ ਸੁਥਾਨਿ ਜੋੜਣਹਾਰੈ ਜੋੜੀਆ॥ ਨਾਨਕ ਲਹਰੀ ਲਖ ਸੈ ਆਨ ਡੁਬਣ ਦੇਇ ਨ ਮਾ ਪਿਰੀ॥(੫੧੯)

– ਫਰੀਦਾ ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ॥ ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥੁ॥(੧੩੮੦)